:

ੋਚਨਾ) 2010

ੁਸਤਕ) 2011

) 2015

ਆਲੋਚਨਾ) 2015

ਮਕ ਲੇਖ-ਭਾਗ ਪਹਿਲਾ (ਸੰਪਾ.) 2017

# ਨਵਾਂ ਪੰਜਾਬੀ ਨਾਟਕ : ਇਕ ਅਧਿਐਨ

## ਇੱਕੀਵੀਂ ਸਦੀ 'ਚ ਲਿਖਣ ਵਾਲੇ ਨਵੇਂ ਪੰਜਾਬੀ ਨਾਟਕਕਾਰਾਂ ਦੇ ਨਾਟਕਾਂ 'ਤੇ ਆਧਾਰਤ ਇਕ ਅਧਿਐਨ

ਸੰਪਾਦਕ

**ਡਾ. ਹੀਰਾ ਸਿੰਘ**

**ਮਨਪ੍ਰੀਤ ਪ੍ਰਕਾਸ਼ਨ**

**ਦਿੱਲੀ**

International Publisher for the publication
of Indian and Foreign Books

**Representative Offices :**
Minnie Grewal, 5 Sylvid Court, Loretto, ONT. LOG. CANADA
Balbir Kaur Sanghera, 1266 Roper Dr. Milton ONT. L9T 6E6 CANADA
Ajaib Singh Chatha, 45 Ray Lawson Blvd. Brampton. ON. L6Y 3L4 CANADA

**ISBN : 81-87654-30-9**

**Nawan Punjabi Natak : Ik Adhiyain**
**(Criticism)**

by

Dr. Hira Singh ©
Vill. Manjian Wali, P.O. Teja Kalan
Teh. Batala, Distt. Gurdaspur
Mob : 94175-34823
E-mail : hsrandhawajal@gmail.com

2017

*Publication :*
Manpreet Parkashan
16/16 Ist Floor, Geeta Colony, Delhi-31
Mobile : 93122 71252, E-mail : manpreet1948@gmail.com

*Type Setting :*
Mantej Graphics, Amritsar, Mob : 98781-77812

*Printer :* Balaji Offset, Delhi

Rs. : 490/-

Title : Hitesh Graphic Designer
Mob : 80549-14833

**All rights reserved**

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.*

ਾ ਗਿਆ ਹੈ ਜਿਵੇਂ ਇਕਾਂਗੀ 'ਤ੍ਰਿੰਝਣ' ਵਿਚ ਹਾਗ ਅਤੇ ਘੋੜੀਆਂ ਦੀ ਵਰਤੋਂ ਕੀਤੀ ਗਈ ਾ ਚਾਹੁੰਦੀ ਹਾਂ ਕਿ ਮੈਂ ਇਹਨਾਂ ਲੋਕ-ਗੀਤਾਂ, ਫ਼ਜ਼ੂਲ ਨਹੀਂ ਕਹਿ ਰਹੀ ਜੋ ਸਾਡੀ ਲੋਕਧਾਰਾ ਾ ਮਕਸਦ ਕੇਵਲ ਇਹ ਕਹਿਣਾ ਹੀ ਹੈ ਕਿ ਰਨ ਲਈ ਵਾਰਤਾਲਾਪ ਦੀ ਵਰਤੋਂ ਵੀ ਕੀਤੀ ਕਵੀਂ ਸਿੱਠਣੀ, ਸੁਹਾਗ ਜਾਂ ਹੋਰ ਲੋਕ-ਗੀਤਾਂ ਵਿਚ ਹੀ ਪੇਸ਼ ਕੀਤਾ ਜਾ ਸਕਦਾ ਸੀ। ਮੰਚ ਅਸਲ ਵਿਚ ਪਾਠਕਾਂ/ਦਰਸ਼ਕਾਂ ਨੂੰ ਅਕੇਵਾਂ ਹੋਰ ਵੇਰਵੇ ਦੂਜੀਆਂ ਇਕਾਂਗੀਆਂ ਵਿਚ ਵੀ ਨਾ ਜਾਂਦੀ ਹੋਈ ਅਤੇ ਆਪਣੀ ਗੱਲ ਨੂੰ ਲੇ ਇਕਾਂਗੀ ਸੰਗ੍ਰਿਹ ਵਿਚ ਪਾਏ ਗਏ ਵਿਸ਼ੇ ਵਿਚਰਦੇ ਹਨ।

### *ਤੇ ਟਿੱਪਣੀਆਂ*

ਪ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ,

, ਕੇਵਲ ਧਾਲੀਵਾਲ, **ਮੈਂ ਸੱਚ ਕਿਥੇ ਬੋਲਾਂ...?**, ਰਵੀ
, ਪੰਨਾ 14.

**ਥੇ ਬੋਲਾਂ...?**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ,



# ਵਰਿਆਮ ਮਸਤ ਦੇ ਨਾਟਕਾਂ ਵਿਚ ਨਾਰੀ ਚੇਤਨਾ

*-ਡਾ. ਸ਼ਾਲੂ ਕੌਰ*

ਵਰਿਆਮ ਮਸਤ ਦੇ ਹੁਣ ਤੀਕ ਦਸ ਪੂਰੇ ਨਾਟਕ ਪ੍ਰਕਾਸ਼ਤ ਹੋ ਕੇ, ਚਰਚਾ ਦਾ ਵਿਸ਼ਾ ਬਣ ਚੁਕੇ ਹਨ। ਇਨ੍ਹਾਂ ਵਿਚੋਂ ਬਹੁਤੇ ਨਾਟਕ, ਸਮੇਂ ਸਮੇਂ ਰੰਗਮੰਚ 'ਤੇ ਖੇਡੇ ਜਾ ਚੁਕੇ ਹਨ। ਪੰਜਾਬੀ ਸਾਹਿਤ ਦੇ ਖੇਤਰ ਵਿਚ ਵਰਿਆਮ ਮਸਤ ਦਾ ਜੋ ਬਿੰਬ ਉਭਰ ਕੇ ਸਾਮ੍ਹਣੇ ਆਉਂਦਾ ਹੈ, ਉਹ ਇਕ ਨਾਟ ਲੇਖਕ, ਰੰਗਕਰਮੀ ਤੇ ਨਿਰਦੇਸ਼ਕ ਦਾ ਬਿੰਬ ਹੈ। ਬਤੌਰ ਨਾਟਕਕਾਰ, ਉਸਨੇ ਆਪਣੇ ਨਾਟਕਾਂ ਵਿਚ ਕੁਝ ਨਵੇਂ ਤਜਰਬੇ ਕੀਤੇ ਹਨ। ਪਰੰਪਰਕ ਤੇ ਅਉਧ ਹੰਢਾ ਚੁੱਕੇ ਵਿਸ਼ਿਆਂ ਨੂੰ ਪੇਸ਼ ਕਰਨ ਦੀ ਥਾਵੇਂ, ਉਸਨੇ ਆਪਣੇ ਸਮਕਾਲ ਦੇ ਭੱਖਦੇ ਮਸਲਿਆਂ ਨੂੰ ਵਿਸ਼ਾ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਤਕਨੀਕ ਦੇ ਪੱਖੋਂ ਵੀ ਉਸਨੇ ਕੁਝ ਨਵੇਂ ਤਜਰਬੇ ਕੀਤੇ ਹਨ। ਵਿਦਵਾਨਾਂ ਨੇ ਉਸ ਦੇ ਥੀਏਟਰ ਨੂੰ 'ਪਲ ਦਾ ਥੀਏਟਰ' ਕਹਿ ਕੇ ਸਨਮਾਨਿਆ ਹੈ। ਵਰਿਆਮ ਮਸਤ ਦੇ ਨਾਟਕਾਂ ਸੰਬੰਧੀ ਜੋ ਪ੍ਰਸਤਾਵ ਬਾਰ-ਬਾਰ ਉਭਰ ਕੇ ਸਾਮ੍ਹਣੇ ਆਇਆ ਹੈ ਉਸ ਮੁਤਾਬਕ, ਉਸਨੇ ਪ੍ਰਚਲਤ ਭਾਰਤੀ ਤੇ ਪੱਛਮੀ ਥੀਏਟਰ ਦੀ ਪਰੰਪਰਾ ਅਪਣਾਉਣ ਦੀ ਥਾਵੇਂ, ਲੋਕ ਥੀਏਟਰ ਨੂੰ ਪਹਿਲ ਦਿੱਤੀ ਹੈ। ਲੋਕ-ਸ਼ੈਲੀ ਵਿਚ ਲਿਖੇ ਗਏ ਉਸਦੇ ਬਹੁਤੇ ਨਾਟਕ, ਪੇਂਡੂ ਪਾਤਰਾਂ, ਪੇਂਡੂ ਲੋਕੇਲ, ਲੋਕ ਭਾਸ਼ਾ ਤੇ ਸਭਿਆਚਾਰ ਨੂੰ ਪ੍ਰੇਰਨਾ ਸਰੋਤ ਬਣਾਉਂਦੇ ਨਜ਼ਰ ਆਉਂਦੇ ਹਨ। ਇਉਂ, ਪੰਜਾਬੀ ਨਾਟਕ ਤੇ ਥੀਏਟਰ ਦੇ ਖੇਤਰ ਵਿਚ ਉਸ ਨੇ ਆਪਣੀ ਵੱਖਰੀ ਥਾਂ ਬਣਾਈ ਹੈ। ਉਸ ਦੇ ਕੁਝ ਨਾਟਕ ਤਾਂ ਸਿੱਧੇ ਰੂਪ ਵਿਚ ਨਾਰੀ-ਸੰਵੇਦਨਾ ਦੇ ਮਸਲਿਆਂ ਨੂੰ ਨਾਟਕੀ ਰੁਪਾਂਤਰਣ ਦੇਣ ਵੱਲ ਰੁਚਿਤ ਹਨ ਅਤੇ ਬਾਕੀ ਦੇ ਨਾਟਕਾਂ ਵਿਚ ਮਸਲੇ ਭਾਵੇਂ ਹੋਰ ਹਨ, ਪਰ ਨਾਰੀ-ਸੰਵੇਦਨਾ ਦਾ ਮਸਲਾ ਕਿਤੇ ਵੀ ਨਜ਼ਰ-ਅੰਦਾਜ਼ ਨਹੀਂ ਹੁੰਦਾ।

ਮਸਤ ਨੇ ਔਰਤ ਦੀ ਹੋਣੀ ਨੂੰ ਚਿੱਤਰਿਆ ਹੈ ਅਤੇ ਜਿਸ ਸੰਤਾਪ ਨੂੰ ਔਰਤ ਸਦੀਆਂ ਤੋਂ ਭੋਗ ਰਹੀ ਹੈ, ਉਸਨੂੰ ਉਜਾਗਰ ਕੀਤਾ ਹੈ। ਵਰਿਆਮ ਮਸਤ ਨੇ ਆਪਣੇ ਨਾਟਕਾਂ ਰਾਹੀਂ, ਔਰਤ ਦੀ ਆਵਾਜ਼ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਯਤਨ ਕੀਤਾ ਹੈ। ਮਸਤ ਉਨ੍ਹਾਂ ਪਰੰਪਰਾਵਾਂ ਦਾ ਵੀ ਵਿਰੋਧੀ ਹੈ, ਜੋ ਔਰਤ ਨੂੰ ਕੈਦ ਕਰਦੀਆਂ ਹਨ। ਵਰਿਆਮ ਮਸਤ ਦਾ ਮੰਨਣਾ ਹੈ ਕਿ ਔਰਤ ਨੂੰ ਆਪਣਾ ਇਤਿਹਾਸ ਆਪ ਲਿਖਣਾ